# ਤਪਦਿਕ ਦੇ ਲੱਛਣ (ਟੀਬੀ)



## ਤਪਦਿਕ ਕੀ ਹੁੰਦੀ ਹੈ?

ਤਪਦਿਕ ਨੂੰ ਅੰਗਰੇਜ਼ੀ ਵਿੱਚ ਟੀਬੀ ਆਖਦੇ ਹਨ। ਟੀਬੀ ਦਾ ਰੋਗ ਟੀਬੀ ਦੇ ਕਿਟਾਣੂਆਂ ਤੋਂ ਲੱਗਦਾ ਹੈ। ਟੀਬੀ ਜ਼ਿਆਦਾਤਰ ਫੇਫੜਿਆਂ ਵਿੱਚ ਹੁੰਦੀ ਹੈ। ਪਰ ਕਿਟਾਣੂ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਵੀ ਹੋ ਸਕਦੇ ਹਨ।



## ਟੀਬੀ ਕਿਸ ਤਰ੍ਹਾਂ ਫੈਲਦੀ ਹੈ?

ਟੀਬੀ ਦੇ ਮਰੀਜ਼ ਦੀ ਖੰਘ ਨਾਲ, ਛਿੱਕ ਮਾਰਨ ਨਾਲ, ਗੱਲਾਂ ਕਰਨ ਨਾਲ, ਗਾਣਾ ਗਾਉਣ ਨਾਲ, ਕਿਟਾਣੂ ਹਵਾ ਵਿੱਚ ਫੈਲਦੇ ਹਨ ਜਾਂ ਉਹ ਕਿਟਾਣੂ ਸਾਡੇ ਅੰਦਰ ਚਲੇ ਜਾਂਦੇ ਹਨ।



## ਇਹ ਕਿਸ ਤਰ੍ਹਾਂ ਪਤਾ ਲੱਗ ਸਕਦਾ ਹੈ ਕਿ ਮੈਂ ਟੀਬੀ ਦਾ ਸ਼ਿਕਾਰ ਹੋ ਚੁੱਕਾ ਹਾਂ?

ਨਰਸ ਕੋਲੋਂ ਟੀਬੀ ਟੈਸਟ ਕਰਵਾਓ। ਦਵਾਈ ਦਾ ਇੱਕ ਤੁਪਕਾ ਟੀਕੇ ਰਾਹੀਂ ਬਾਂਹ ਵਿੱਚ ਚਮੜੀ ਦੇ ਥੱਲੇ ਭੇਜਿਆ ਜਾਵੇਗਾ। ਜੇ ਟੀਬੀ ਦੇ ਕਿਟਾਣੂ ਸਰੀਰ ਵਿੱਚ ਹੋਣਗੇ ਤਾਂ ਇਸ ਦਵਾਈ ਨਾਲ ਬਾਂਹ ਉੱਤੇ ਟੀਕੇ ਵਾਲੀ ਜਗ੍ਹਾ ਕਾਫ਼ੀ ਲਾਲ ਜਾਏਗੀ ਅਤੇ ਸੁੱਜ ਜਾਏਗੀ।



## ਕੀ ਮੈਂ ਟੀਬੀ ਦੇ ਕਿਟਾਣੂਆਂ ਤੋਂ ਬੱਚ ਸਕਦਾ ਹਾਂ?
## ਜੀ ਹਾਂ!

ਜੇ ਚਮੜੀ ਟੈਸਟ ਟੀਬੀ ਦਸਦਾ ਹੋਵੇ ਅਤੇ ਛਾਤੀ ਦੇ ਐਕਸਰੇ ਤੇ ਥੁੱਕ ਟੈਸਟ ਕੁੱਝ ਨਾ ਦਸਦੇ ਹੋਣ ਤਾਂ ਇਸ ਹਾਲਤ ਵਿੱਚ ਡਾਕਟਰ ਟੀਬੀ ਦੀ ਰੋਕਥਾਮ ਵਾਲੀ ਦਵਾਈ ਦੇਣੀ ਸ਼ੁਰੂ ਕਰ ਦਿੰਦੇ ਹਨ। ਟੀਬੀ ਦੇ ਕਿਟਾਣੂ ਖ਼ਤਮ ਕਰਨ ਵਾਲੀ ਦਵਾਈ ਇੱਕ ਸਾਲ ਖਾਣੀ ਪਵੇਗੀ।

## ਇਸ ਬੀਮਾਰੀ ਦੇ ਲੱਛਣ ਕੀ ਹਨ?

- ਜੇ ਖੰਘ ਤਿੰਨ ਤੋਂ ਚਾਰ ਹਫ਼ਤੇ ਜਾਰੀ ਰਹੇ
- ਭਾਰ ਘੱਟ ਜਾਵੇ
- ਥਕਾਵਟ ਹੋਵੇ
- ਸੁੱਤਿਆਂ ਪਿਆ ਪਸੀਨੇ ਆਉਣ
- ਬੁਖ਼ਾਰ

ਆਪਣੇ ਡਾਕਟਰ ਨੂੰ ਪੁੱਛੋ ਅਤੇ ਲੋੜੀਂਦੇ ਟੈਸਟ ਕਰਵਾਓ।



## ਕੀ ਟੀਬੀ ਦਾ ਇਲਾਜ ਹੋ ਸਕਦਾ ਹੈ?
## ਜੀ ਹਾਂ!

ਜੇ ਟੀਬੀ ਦੀ ਬੀਮਾਰੀ ਲੱਭ ਲਈ ਜਾਵੇ ਅਤੇ ਨਾਲ ਹੀ ਰੋਕਥਾਮ ਦੀ ਦਵਾਈ ਦਿੱਤੀ ਜਾਵੇ ਤਾਂ ਟੀਬੀ ਦੀ ਬੀਮਾਰੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਟੀਬੀ ਦੇ ਕਿਟਾਣੂ ਬੜੇ ਹੀ ਤਾਕਤਵਰ ਹੁੰਦੇ ਹਨ। ਇਨ੍ਹਾਂ ਕਿਟਾਣੂਆਂ ਨੂੰ ਮਾਰਨ ਲਈ 6 ਤੋਂ 9 ਮਹੀਨੇ ਲਗਦੇ ਹਨ ਅਤੇ 3 ਜਾਂ 4 ਟੀਬੀ ਦੀਆਂ ਦਵਾਈਆਂ ਲੈਣੀਆਂ ਪੈਂਦੀਆਂ ਹਨ।

ਇਹ ਜ਼ਰੂਰੀ ਹੈ ਕਿ ਦਵਾਈ ਲਗਾਤਾਰ ਲਈ ਜਾਵੇ ਭਾਵੇਂ ਠੀਕ ਵੀ ਮਹਿਸੂਸ ਕਰਦੇ ਹੋਵੋਂ। ਜੇ ਇਲਾਜ ਛੇਤੀ ਬੰਦ ਕਰ ਦਿਤਾ ਜਾਵੇ ਤਾਂ ਬੀਮਾਰੀ ਫਿਰ ਹਮਲਾ ਕਰ ਸਕਦੀ ਹੈ।



For more information on tuberculosis call the TB Clinic at 413-5755.

RPH 02-007 (Revised 09 2002) - Punjabi
Reprinted by Capital Health from the Alberta Health Tuberculosis Pill Dispenser Resource Manual.